ਪਿਆਰੇ ਮਾਤਾ-ਪਿਤਾ, ਸਰਪ੍ਰਸਤ ਜਾਂ ਨੌਜਵਾਨ:

ਕਿਉਂਕਿ ਡਿਸਟ੍ਰਿਕਟ ਤੁਹਾਡੇ ਬੱਚੇ (ਬੱਚਿਆਂ) ਨੂੰ ਇੱਕ ਮੂਲ ਸਕੂਲ ਜਾਂ ਜਿਸ ਸਕੂਲ ਲਈ ਤੁਸੀਂ ਬੇਨਤੀ ਕੀਤੀ ਹੈ, ਤੋਂ ਅਲਾਵਾ ਕਿਸੇ ਹੋਰ ਸਕੂਲ ਵਿਚ ਥਾਂ ਦੇਣਾ ਚਾਹੁੰਦੀ ਹੈ, ਅਸੀਂ ਸਾਡੇ ਨਿਰਣੇ ਦੀ ਅਪੀਲ ਦੇ ਤੁਹਾਡੇ ਹੱਕ ਬਾਰੇ ਤੁਹਾਨੂੰ ਦੱਸਣ ਲਈ ਇਹ ਜਾਣਕਾਰੀ ਪੈਕੇਟ ਉਪਲਬਧ ਕਰ ਰਹੇ ਹਾਂ।

ਤੁਹਾਨੂੰ ਹੇਠਾਂ ਦਿੱਤੇ ਮਿਲਣਗੇ, ਜਿਹਨਾਂ ਵਿਚ ਸ਼ਾਮਿਲ ਹਨ:

1. ਸਕੂਲ ਡਿਸਟ੍ਰਿਕਟ ਹੋਮਲੈਸ ਲਈਅਨ (ਤਾਲਮੇਲ) ਅਤੇ ਸਟੇਟ ਕੋਔਰਡੀਨੇਟਰ ਲਈ ਲਿਖਤੀ ਸੰਪਰਕ ਜਾਣਕਾਰੀ
2. ਵਿਵਾਦ ਦੇ ਨਿਪਟਾਰੇ ਦੀ ਪ੍ਰਾਪਤੀ
3. ਇੱਕ ਵੱਖ ਕੀਤਾ ਜਾਣ ਵਾਲਾ ਫ਼ਾਰਮ, ਜਿਸ ਨੂੰ ਤੁਸੀਂ ਭਰ ਸਕਦੇ ਹੋ ਅਤੇ ਵਿਵਾਦ ਦੇ ਅਮਲ ਨੂੰ ਸ਼ੁਰੂ ਕਰਨ ਲਈ ਸਕੂਲ ਜਾਂ ਹੋਮਲੈਸ ਲਈਅਨ ਨੂੰ ਵਾਪਸ ਦੇ ਸਕਦੇ ਹੋ
4. ਜਾਣਕਾਰੀ ਦੇ ਨਾਲ ਨਾਲ ਸਕੂਲ ਡਿਸਟ੍ਰਿਕਟ ਦੇ ਨਿਰਣੇ ਦੇ ਵਿਵਾਦ ਨਾਲ ਕਿਵੇਂ ਨਜਿੱਠਿਆ ਜਾਏ, ਬਾਰੇ ਪੜਾਅ-ਦਰ-ਪੜਾਅ ਲਿਖਤੀ ਵੇਰਵਾ
5. ਸਕੂਲ ਵਿਚ ਫ਼ੌਰਨ ਨਾਂ ਲਿਖਵਾਉਣ ਬਾਰੇ ਹੱਕ ਦਾ ਲਿਖਤੀ ਨੋਟਿਸ, ਜਿਥੇ ਬੱਚੇ ਦਾ ਨਾਂ ਲਿਖਵਾਉਣ ਸਬੰਧੀ ਵਿਵਾਦ ਦਾ ਹੱਲ ਵਿਚਾਰ-ਅਧੀਨ ਹੈ
6. ਡਿਸਟ੍ਰਿਕਟ ਅਤੇ ਸਟੇਟ-ਪੱਧਰ ਦੀਆਂ ਅਪੀਲਾਂ ਨੂੰ ਹੱਲ ਕਰਨ ਲਈ ਸਮੇਂ ਦੀ ਲਿਖਤੀ ਮਿਆਦ।

ਜੇ, ਕਿਸੇ ਵੀ ਵੇਲੇ ਵਿਵਾਦ ਹੱਲ ਕਰਨ ਦੇ ਅਮਲ ਬਾਰੇ ਤੁਹਾਡੇ ਕੋਈ ਸੁਆਲ ਹਨ, ਤਾਂ ਤੁਸੀਂ ਡਿਸਟ੍ਰਿਕਟ ਹੋਮਲੈਸ ਲਈਅਨ ਜਾਂ ਹੋਮਲੈਸ ਸਟੇਟ ਸਿਖਿਆ ਕੋਔਰਡੀਨੇਟਰ ਨਾਲ ਸੰਪਰਕ ਕਰ ਸਕਦੇ ਹੋ ਅਤੇ ਅਮਲ ਵਿਚ ਉਹ ਤੁਹਾਡੀ ਮਦਦ ਕਰੇਗਾ।

School District Homeless Liaison
Liaison Name
XXXXX School District
XXXX Pleasant Lane
Somewhere, WA 99999
XXX.XXX.XXXX

WA State Homeless Education Coordinator
Melinda Dyer
Office of the Superintendent of Public Instruction
PO Box 47200
Olympia, WA 98504
360.725.6050

## ਵਿਵਾਦ ਦੇ ਨਿਪਟਾਰੇ ਦੀ ਪ੍ਰਾਪਤੀ ਬਾਰੇ ਜਾਣਕਾਰੀ

ਤਾਰੀਖ਼: ____________________

ਮੈਂ, ________________________ਦਾ ਮਾਤਾ-ਪਿਤਾ, ਸਰਪ੍ਰਸਤ ਜਾਂ ਨੌਜਵਾਨ ਹਾਂ, ਜੋ ਹੇਠਾਂ ਦਿੱਤੇ ਸਕੂਲ (ਸਕੂਲਾਂ) ਵਿਚ ਆਪਣੇ ਬੱਚੇ /ਬੱਚਿਆਂ ਜਾਂ ਆਪਣਾ ਖ਼ੁਦ ਦਾ ਦਾਖ਼ਲਾ ਕਰਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ:

| ਬੱਚੇ ਦਾ ਨਾਂ: | ਸਕੂਲ: |
|---|---|
| ________________________________________ | ________________________________________ |
| ________________________________________ | ________________________________________ |
| ________________________________________ | ________________________________________ |

ਮੈਨੂੰ ਆਪਣੇ ਬੱਚੇ ਦੀ ਪਲੇਸਮੈਂਟ ਦਾ ਸਪਸ਼ਟੀਕਰਣ ਮਿਲਿਆ ਹੈ। ਇਸ ਸਪਸ਼ਟੀਕਰਣ ਵਿਚ ਸ਼ਾਮਿਲ ਹਨ:

1. ਡਿਸਟ੍ਰਿਕਟ ਹੋਮਲੈਸ ਲਈਅਨ ਅਤੇ ਸਰਕਾਰੀ ਆਦੇਸ਼ ਦੇ ਹੋਮਲੈਸ ਸਿਖਿਆ ਕੋਆੱਰਡੀਨੇਟਰ ਦੇ ਸੁਪਰਇੰਟੈਂਡੈਂਟ ਦੇ ਦਫ਼ਤਰ ਲਈ ਸੰਪਰਕ ਜਾਣਕਾਰੀ
2. ਵਿਵਾਦ ਨਿਪਟਾਰੇ ਦੇ ਅਮਲ ਦੀ ਕਾੱਪੀ
3. ਮੁਕੰਮਲ ਕਰਨ ਲਈ ਕਾਗਜ਼ੀ-ਕਾਰਵਾਈ, ਜੇ ਮੈਂ ਡਿਸਟ੍ਰਿਕਟ ਦੇ ਨਿਰਣੇ ਦੀ ਵਿਰੋਧਤਾ ਕਰਨਾ ਚਾਹੁੰਦਾ/ਚਾਹੁੰਦੀ ਹਾਂ
4. ਵਿਵਾਦ ਦੀ ਕਾਗਜ਼ੀ-ਕਾਰਵਾਈ ਕਿਵੇਂ ਮੁਕੰਮਲ ਕੀਤੀ ਜਾਏ, ਬਾਰੇ ਸੇਧਾਂ
5. ਮੈਕਕਿਨੀ-ਵੈਂਟੋ ਕਾਨੂੰਨ ਦਾ ਸਾਰ

ਮੈਂ ਸਮਝਦਾ/ਸਮਝਦੀ ਹਾਂ ਕਿ ਵਿਵਾਦ ਸਬੰਧੀ ਅਮਲ ਸਿਰੇ ਚੜ੍ਹਣ ਤੱਕ ਸਕੂਲ ਡਿਸਟ੍ਰਿਕਟ ਯਕੀਨੀ ਬਣਾਏਗਾ ਕਿ ਮੇਰਾ ਬੱਚਾ/ਬੱਚੇ ਸਕੂਲ ਜਾਣ ਅਤੇ ਪੂਰੀ ਤਰ੍ਹਾਂ ਹਿੱਸਾ ਲੈਣ, ਜਿਥੇ ਅਸੀਂ ਆਪਣੇ ਬੱਚੇ ਦਾ ਨਾਂ ਲਿਖਵਾਉਣਾ ਚਾਹੁੰਦਾ/ਚਾਹੁੰਦੀ ਹਾਂ।

| ______________________________ | ____________________ |
|---|---|
| ਮਾਤਾ-ਪਿਤਾ/ਸਰਪ੍ਰਸਤ/ਨੌਜਵਾਨ ਦੇ ਦਸਤਖ਼ਤ | ਤਾਰੀਖ਼ |
| ______________________________ | ____________________ |
| ਸਕੂਲ ਡਿਸਟ੍ਰਿਕਟ ਦੇ ਅਮਲੇ ਦੇ ਦਸਤਖ਼ਤ | ਤਾਰੀਖ਼ |

ਵਿਵਾਦ ਸਬੰਧੀ ਨਿਪਟਾਰੇ ਦਾ ਪੈਕੇਟ ਮਿਲਣ 'ਤੇ, ਕਿਰਪਾ ਕਰਕੇ ਇਸ ਫ਼ਾਰਮ 'ਤੇ ਦਸਤਖ਼ਤ ਕਰੋ ਅਤੇ ਇਹ ਉਸ ਸਕੂਲ, ਜਿਥੇ ਤੁਸੀਂ ਨਾਂ ਐਨਰੋਲ (ਲਿਖਵਾਉਣ) ਕਰਾਉਣ ਦੀ ਕੋਸ਼ਿਸ਼ ਕਰ ਰਹੇ ਹੋ ਜਾਂ ਡਿਸਟ੍ਰਿਕਟ ਹੋਮਲੈਸ ਲਈਅਨ ਨੂੰ ਵਾਪਸ ਕਰੋ।

## ਵਿਵਾਦ ਸਬੰਧੀ ਨਿਪਟਾਰੇ ਦਾ ਫ਼ਾਰਮ

ਤਾਰੀਖ਼: ____________________

ਮੈਨੂੰ ਆਪਣੇ ਬੱਚਿਆਂ/ਆਪਣੇ ਆਪ ਬਾਰੇ (ਨਾਂ): ________________________________________ਸਬੰਧੀ ਡਿਸਟ੍ਰਿਕਟ ਦੇ ਪਲੇਸਮੈਂਟ ਦੇ ਨਿਰਣੇ ਦਾ ਸਪਸ਼ਟੀਕਰਣ ਮਿਲ ਗਿਆ ਹੈ। ਮੈਂ ਡਿਸਟ੍ਰਿਕਟ ਦੇ ਪਲੇਸਮੈਂਟ ਦੇ ਨਿਰਣੇ ਨਾਲ ਸਹਿਮਤ ਨਹੀਂ ਹਾਂ ਅਤੇ ਮੈਂ ਹੇਠਾਂ ਦਿੱਤੇ ਕਾਰਣਾਂ ਕਰਕੇ ਉਸ ਨਿਰਣੇ ਬਾਰੇ ਅਪੀਲ ਕਰ ਰਿਹਾ/ਰਹੀ ਹਾਂ:

________________________________________________________________________________

________________________________________________________________________________

________________________________________________________________________________

____________________________________________________________

____________________________________________________________

____________________________________________________________

____________________________________________________________

__________________________________________________________

ਮੈਂ ਸਮਝਦਾ/ਸਮਝਦੀ ਹਾਂ ਕਿ ਵਿਵਾਦ ਸਬੰਧੀ ਅਮਲ ਸਿਰੇ ਚੜ੍ਹਨ ਤੱਕ ਡਿਸਟ੍ਰਿਕਟ ਯਕੀਨੀ ਬਣਾਏਗਾ ਕਿ ਮੇਰੇ ਬੱਚੇ/ਮੇਰੇ ਕੋਲ ਸਕੂਲ ਜਾਣ ਅਤੇ ਹਿੱਸਾ ਲੈਣ ਦਾ ਮੌਕਾ ਹੋਏਗਾ, ਜਿਥੇ ਮੈਂ ਨਾਂ ਲਿਖਵਾਉਣਾ ਚਾਹੁੰਦਾ/ਚਾਹੁੰਦੀ ਹਾਂ।

________________________________ ____________________
ਮਾਤਾ-ਪਿਤਾ/ਸਰਪ੍ਰਸਤ/ਨੌਜਵਾਨ ਦੇ ਦਸਤਖ਼ਤ ਤਾਰੀਖ਼

________________________________ ____________________
ਸਕੂਲ ਡਿਸਟ੍ਰਿਕਟ ਦੇ ਅਮਲੇ ਦੇ ਦਸਤਖ਼ਤ ਤਾਰੀਖ਼

ਸਿਰਫ਼ ਸਕੂਲ ਡਿਸਟ੍ਰਿਕਟ ਦੀ ਵਰਤੋਂ ਲਈ

☐ ਪੱਧਰ । ਅਪੀਲ ☐ ਪੱਧਰ ॥ ਅਪੀਲ ☐ ਪੱਧਰ ।॥ ਅਪੀਲ

**ਮੈਕਕਿਨੀ-ਵੈਂਟੋ ਵਿਵਾਦ ਨਿਪਟਾਰੇ ਲਈ ਮਾਤਾ-ਪਿਤਾ/ਨੌਜਵਾਨ ਸਬੰਧੀ ਗਾਈਡ**

ਜੇ ਮਾਤਾ-ਪਿਤਾ, ਸਰਪ੍ਰਸਤ ਜਾਂ ਇਕੱਲਾ ਨੌਜਵਾਨ ਸਕੂਲ ਪਲੇਸਮੈਂਟ ਸਬੰਧੀ ਸਕੂਲ ਡਿਸਟ੍ਰਿਕਟ ਦੇ ਨਿਰਣੇ ਬਾਰੇ ਅਪੀਲ ਕਰਨਾ ਚਾਹੁੰਦਾ ਹੈ:

1. ਮਾਤਾ-ਪਿਤਾ/ਇਕੱਲੇ ਨੌਜਵਾਨ ਨੂੰ ਡਿਸਟ੍ਰਿਕਟ ਦਾ ਉਹ ਨੋਟੀਫ਼ਿਕੇਸ਼ਨ ਮਿਲਣ, ਜਿਸ ਵਿਚ ਮਾਤਾ-ਪਿਤਾ, ਸਰਪ੍ਰਸਤ ਜਾਂ ਨੌਜਵਾਨ ਵਲੋਂ ਬੇਨਤੀ ਕੀਤੇ ਗਏ ਸਕੂਲ ਦੀ ਥਾਂ ਵਿਦਿਆਰਥੀ ਨੂੰ ਕਿਸੇ ਹੋਰ ਸਕੂਲ ਵਿਚ ਦਾਖ਼ਲ ਕਰਨ ਦੀ ਯੋਜਨਾ ਹੈ, ਦੇ ਪੰਦਰਾਂ **(15) ਕਾਰਜ-ਦਿਨਾਂ** ਦੇ ਅੰਦਰ ਡਿਸਟ੍ਰਿਕਟ ਲਈਅਨ ਜਾਂ ਸਕੂਲ, ਜਿਥੇ ਦਾਖ਼ਲਾ ਮੰਗਿਆ ਗਿਆ ਸੀ, ਵਿਚ ਵਿਵਾਦ ਦੇ ਨਿਪਟਾਰੇ ਸਬੰਧੀ ਫ਼ਾਰਮ ਲਈ ਬੇਨਤੀ ਜ਼ਰੂਰ ਜਮ੍ਹਾ ਕਰਾਉਣੀ ਚਾਹੀਦੀ ਹੈ।
2. ਉਹਨਾਂ ਨੂੰ ਸ਼ਿਕਾਇਤ ਮਿਲਣ ਦੇ ਪੰਜ **(5) ਕਾਰਜ-ਦਿਨਾਂ** ਦੇ ਅੰਦਰ ਲਈਅਨ ਨੂੰ ਸ਼ਿਕਾਇਤ ਬਾਰੇ ਨਿਰਣਾ ਲੈਣਾ ਚਾਹੀਦਾ ਹੈ ਅਤੇ ਮਾਤਾ-ਪਿਤਾ ਜਾਂ ਇਕੱਲੇ ਨੌਜਵਾਨ ਨੂੰ ਆਪਣੇ ਨਿਰਣੇ ਬਾਰੇ ਲਿਖਤ ਵਿਚ ਦੱਸਣਾ ਚਾਹੀਦਾ ਹੈ।

ਜੇ ਮਾਤਾ-ਪਿਤਾ ਜਾਂ ਨੌਜਵਾਨ ਪੱਧਰ । ਤੇ ਕੀਤੇ ਗਏ ਨਿਰਣੇ ਬਾਰੇ ਅਸਹਿਮਤ ਹੈ ਅਤੇ ਵਿਵਾਦ ਦੇ ਨਿਪਟਾਰੇ ਸਬੰਧੀ ਅਮਲ ਪੱਧਰ ॥ ਤੱਕ ਲਿਜਾਣਾ ਚਾਹੁੰਦਾ ਹੈ, ਤਾਂ ਮਾਤਾ-ਪਿਤਾ ਜਾਂ ਇਕੱਲਾ ਨੌਜਵਾਨ ਪੱਧਰ । ਨਿਰਣੇ ਬਾਰੇ ਉਹਨਾਂ ਦਾ ਨੋਟੀਫ਼ਿਕੇਸ਼ਨ ਮਿਲਣ ਦੇ ਦੱਸ **(10) ਕਾਰਜ-ਦਿਨਾਂ** ਦੇ ਅੰਦਰ ਪੱਧਰ ॥ ਲਈ ਅੱਗੇ ਵਧਣ ਦੇ ਆਪਣੇ ਇਰਾਦੇ ਬਾਰੇ ਡਿਸਟ੍ਰਿਕਟ ਹੋਮਲੈਸ ਲਈਅਨ ਨੂੰ ਦੱਸੇਗਾ। ਜੇ ਮਾਤਾ-ਪਿਤਾ ਜਾਂ ਇਕੱਲਾ ਨੌਜਵਾਨ ਪੱਧਰ ॥ ਵਲ ਵਧਣਾ ਚਾਹੁੰਦਾ ਹੈ, ਤਾਂ ਡਿਸਟ੍ਰਿਕਟ ਹੋਮਲੈਸ ਲਈਅਨ ਅਪੀਲਾਂ ਬਾਰੇ ਪੈਕੇਜ ਉਪਲਬਧ ਕਰੇਗਾ, ਜਿਸ ਵਿਚ ਸ਼ਾਮਿਲ ਹਨ:

1. ਮਾਤਾ-ਪਿਤਾ ਜਾਂ ਨੌਜਵਾਨ ਦੀ ਸ਼ਿਕਾਇਤ ਦੀ ਕਾੱਪੀ, ਜੋ ਪੱਧਰ । ਤੇ ਡਿਸਟ੍ਰਿਕਟ ਹੋਮਲੈਸ ਲਈਅਨ ਵਿਖੇ ਦਾਇਰ ਕੀਤੀ ਗਈ ਸੀ
2. ਹੋਮਲੈਸ ਲਈਅਨ ਵਲੋਂ ਪੱਧਰ । ਤੇ ਕੀਤਾ ਗਿਆ ਨਿਰਣਾ
3. ਮਾਤਾ-ਪਿਤਾ, ਸਰਪ੍ਰਸਤ, ਇਕੱਲੇ ਨੌਜਵਾਨ ਜਾਂ ਲਈਅਨ ਤੋਂ ਕੋਈ ਵਾਧੂ ਜਾਣਕਾਰੀ।

ਜੇ ਪੱਧਰ । ਤੋਂ ਬਾਅਦ ਵਿਵਾਦ ਨਹੀਂ ਸੁਲਝਦਾ, ਤਾਂ ਮਾਤਾ-ਪਿਤਾ, ਸਰਪ੍ਰਸਤ ਜਾਂ ਇਕੱਲਾ ਨੌਜਵਾਨ ਸਥਾਨਕ ਸਕੂਲ ਡਿਸਟ੍ਰਿਕਟ ਦੇ ਸੁਪਰਇੰਟੈਂਡੈਂਟ ਜਾਂ ਸੁਪਰਇੰਟੈਂਡੈਂਟ ਦੇ ਡਿਜ਼ਾਈਨੀ ਦੇ ਨਿਰਣੇ ਬਾਰੇ ਅਪੀਲ ਕਰ ਸਕਦਾ ਹੈ। ਪੱਧਰ । ਵਿਵਾਦ ਤੋਂ ਅਪੀਲਾਂ ਦਾ ਪੈਕੇਜ ਹੇਠਾਂ ਦਿੱਤੀਆਂ ਗੱਲਾਂ ਨੂੰ ਸਿਰੇ ਚਾੜ੍ਹਨ ਲਈ ਵਰਤਿਆ ਜਾਏਗਾ:

1. ਸੁਪਰਇੰਟੈਂਡੈਂਟ ਜਾਂ ਸੁਪਰਇੰਟੈਂਡੈਂਟ ਦਾ ਡਿਜ਼ਾਇਨੀ (ਹੋਮਲੈਸ ਲਈਅਨ ਨਹੀਂ) ਮਾਤਾ-ਪਿਤਾ, ਸਰਪ੍ਰਸਤ ਜਾਂ ਇਕੱਲੇ ਨੌਜਵਾਨ ਨਾਲ ਨਿਜੀ ਕਾਨਫ਼ਰੰਸ ਦਾ ਪ੍ਰਬੰਧ ਕਰੇਗਾ। ਇਹ ਕਾਨਫ਼ਰੰਸ, ਪੱਧਰ ॥ ਦੇ ਵਿਵਾਦ ਦੇ ਨਿਪਟਾਰੇ ਦੇ ਅਮਲ ਲਈ ਅੱਗੇ ਵਧਣ ਦੇ ਆਪਣੇ ਇਰਾਦੇ ਦੇ ਮਾਤਾ-ਪਿਤਾ, ਸਰਪ੍ਰਸਤ ਜਾਂ ਇਕੱਲੇ ਨੌਜਵਾਨ ਨੂੰ ਡਿਸਟ੍ਰਿਕਟ ਦੇ ਨੋਟੀਫ਼ਿਕੇਸ਼ਨ ਦੇ ਪੰਜ **(5) ਕਾਰਜ-ਦਿਨਾਂ** ਦੇ ਅੰਦਰ ਹੋਏਗੀ। ਇੱਕ ਵਾਰੀ ਪ੍ਰਬੰਧ ਹੁੰਦਿਆਂ ਹੀ, ਇਹ ਮੀਟਿੰਗ ਜਿੰਨੀ ਛੇਤੀ ਸੰਭਵ ਹੋਇਆ, ਹੋਣੀ ਚਾਹੀਦੀ ਹੈ।
2. ਸੁਪਰਇੰਟੈਂਡੈਂਟ ਜਾਂ ਸੁਪਰਇੰਟੈਂਡੈਂਟ ਦਾ ਡਿਜ਼ਾਈਨੀ, ਮੀਟਿੰਗ ਦੇ ਪੰਜ **(5) ਕਾਰਜ-ਦਿਨਾਂ** ਦੇ ਅੰਦਰ ਮਾਤਾ-ਪਿਤਾ, ਸਰਪ੍ਰਸਤ ਜਾਂ ਇਕੱਲੇ ਨੌਜਵਾਨ ਨੂੰ ਲਿਖਤ ਵਿਚ ਸਹਾਇਕ ਸਬੂਤ ਅਤੇ ਕਾਰਣਾਂ ਵਾਲਾ ਨਿਰਣਾ ਉਪਲਬਧ ਕਰਦਾ ਹੈ।

ਜੇ ਮਾਤਾ-ਪਿਤਾ, ਸਰਪ੍ਰਸਤ ਜਾਂ ਨੌਜਵਾਨ ਪੱਧਰ II ਤੇ ਕੀਤੇ ਗਏ ਨਿਰਣੇ ਬਾਰੇ ਅਸਹਿਮਤ ਹੈ ਅਤੇ ਵਿਵਾਦ ਦੇ ਨਿਪਟਾਰੇ ਸਬੰਧੀ ਅਮਲ ਨੂੰ ਪੱਧਰ III ਤੱਕ ਲਿਜਾਣਾ ਚਾਹੁੰਦਾ ਹੈ, ਤਾਂ ਮਾਤਾ-ਪਿਤਾ, ਸਰਪ੍ਰਸਤ ਜਾਂ ਇਕੱਲੇ ਨੌਜਵਾਨ ਨੂੰ ਪੱਧਰ II ਦੇ ਨਿਰਣੇ ਬਾਰੇ ਨੋਟੀਫ਼ਿਕੇਸ਼ਨ ਮਿਲਣ ਦੇ ਦੱਸ **(10) ਕਾਰਜ-ਦਿਨਾਂ** ਦੇ ਅੰਦਰ ਪੱਧਰ III ਲਈ ਅੱਗੇ ਵਧਣ ਦੇ ਆਪਣੇ ਇਰਾਦੇ ਬਾਰੇ ਡਿਸਟ੍ਰਿਕਟ ਹੋਮਲੈਸ ਲਈਅਨ ਨੂੰ ਦੱਸਿਆ ਜਾਣਾ ਚਾਹੀਦਾ ਹੈ। ਜੇ ਵਿਵਾਦ ਹੱਲ ਨਹੀਂ ਹੁੰਦਾ:

1. ਡਿਸਟ੍ਰਿਕਟ ਸੁਪਰਇੰਟੈਂਡੈਂਟ ਨੂੰ ਨੋਟੀਫ਼ਿਕੇਸ਼ਨ ਮਿਲਣ ਕਿ ਕਿ ਮਾਤਾ-ਪਿਤਾ, ਸਰਪ੍ਰਸਤ ਜਾਂ ਨੌਜਵਾਨ ਪੱਧਰ III ਵਲ ਅੱਗੇ ਵਧਣਾ ਚਾਹੁੰਦਾ ਹੈ, ਦੇ ਪੰਜ **(5) ਕਾਰਜ-ਦਿਨਾਂ** ਦੇ ਅੰਦਰ ਜਾਇਜ਼ੇ ਲਈ ਲਿਖਤੀ ਦਸਤਾਵੇਜ਼ ਅਤੇ ਸਬੰਧਿਤ ਕਾਗਜ਼ੀ-ਕਾਰਵਾਈ OSPI ਹੋਮਲੈਸ ਸਿੱਖਿਆ ਕੋਔਰਡੀਨੇਟਰ ਜਾਂ ਡਿਜ਼ਾਈਨੀ ਨੂੰ ਜ਼ਰੂਰ ਭੇਜਣੇ ਚਾਹੀਦੇ ਹਨ।
2. ਸਾਰੇ ਦਸਤਾਵੇਜ਼ ਅਤੇ ਸਬੰਧਿਤ ਕਾਗਜ਼ੀ-ਕਾਰਵਾਈ ਸਮੇਤ ਵਿਵਾਦ ਦਾ ਸਮੁੱਚਾ ਪੈਕੇਜ ਹਾਰਡ ਕਾੱਪੀ ਮੇਲ ਡਿਲੀਵਰੀ ਰਾਹੀਂ ਇੱਕ ਸਮੁੱਚੇ ਪੈਕੇਜ ਵਿਚ OSPI ਕੋਲ ਜਮ੍ਹਾ ਕਰਾਈ ਜਾਏ। ਵਿਵਾਦ ਸਬੰਧੀ ਪੈਕੇਜ ਤੋਂ ਵੱਖਰੇ ਜਮ੍ਹਾ ਕਰਾਏ ਗਏ ਦਸਤਾਵੇਜ਼ਾਂ ਦਾ ਜਾਇਜ਼ਾ ਨਹੀਂ ਲਿਆ ਜਾ ਸਕਦਾ। ਇਹ ਯਕੀਨੀ ਬਣਾਉਣਾ ਡਿਸਟ੍ਰਿਕਟ ਦੀ ਜ਼ਿੰਮੇਵਾਰੀ ਹੈ ਕਿ ਵਿਵਾਦ ਸਬੰਧੀ ਪੈਕੇਜ ਮੁਕੰਮਲ ਅਤੇ ਜਾਇਜ਼ੇ ਲਈ ਤਿਆਰ ਹੈ।
3. ਸ਼ਿਕਾਇਤ ਮਿਲਣ ਦੇ ਪੰਦਰਾਂ **(15) ਕਾਰਜ-ਦਿਨਾਂ** ਦੇ ਅੰਦਰ ਢੁਕਵੇਂ OSPI ਅਮਲੇ ਦੇ ਨਾਲ OSPI ਹੋਮਲੈਸ ਸਿੱਖਿਆ ਕੋਔਰਡੀਨੇਟਰ ਅੰਤਮ ਨਿਰਣਾ ਕਰੇਗਾ।
4. ਮਾਤਾ-ਪਿਤਾ ਅਤੇ ਸਥਾਨਕ ਸੁਪਰਇੰਟੈਂਡੈਂਟ ਨੂੰ ਦੇਣ ਲਈ ਅੰਤਮ ਨਿਰਣਾ ਸਕੂਲ ਡਿਸਟ੍ਰਿਕਟ ਹੋਮਲੈਸ ਲਈਅਨ ਨੂੰ ਭੇਜਿਆ ਜਾਏਗਾ।
5. OSPI ਵਲੋਂ ਕੀਤਾ ਗਿਆ ਨਿਰਣਾ ਡਿਸਟ੍ਰਿਕਟ ਵਿਚਲੇ ਬੇਘਰ ਬੱਚੇ ਜਾਂ ਨੌਜਵਾਨ ਦੀ ਪਲੇਸਮੈਂਟ ਲਈ ਅੰਤਮ ਹੱਲ ਹੋਏਗਾ।